ਦਫਤਰ ਡਾਇਰੈਕਟਰ ਸਕੂਲ ਐਜੂਕੇਸ਼ਨ (ਐਲੀਮੈਂਟਰੀ), ਪੰਜਾਬ, ਐਸ ਏ ਐਸ ਨਗਰ

ਕੰਪ:ਪੰ.ਸ.ਸ.ਬ, ਈ-ਬਲਾਕ, 6ਵੀਂ ਮੰਜਿਲ, ਫੇਜ਼:8, ਸਅਸ ਨਗਰ

**(ਪਬਲਿਕ ਨੋਟਿਸ)**

ਮੀਮੋ ਨੰ: ਟਰਾਂਸਫਰਸੈੱਲ/2025666102/1 ਮਿਤੀ:ਐਸ.ਏ.ਐਸ ਨਗਰ: 06-06-2025

1.0 ਪੰਜਾਬ ਸਰਕਾਰ ਸਿੱਖਿਆ ਵਿਭਾਗ ਦੇ ਪੱਤਰ ਨੰ: 11/35/2018-1Edu6/1508658, ਮਿਤੀ 25.06.2019 ਰਾਹੀਂ ਅਧਿਆਪਕਾਂ ਦੀ Teachers Transfer Policy-2019 ਜਾਰੀ ਕੀਤੀ ਗਈ ਅਤੇ ਉਸ ਉਪਰੰਤ ਸਮੇਂ-2 ਤੇ ਸੋਧਾਂ ਜਾਰੀ ਕੀਤੀਆਂ ਗਈਆਂ ਸਨ।

2.0 ਇਸ ਤੋਂ ਇਲਾਵਾ ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਐਸਿੱ), ਪੰਜਾਬ ਦੇ ਮੀਮੋ ਨੰ : SSA/HR/Transfer/2020/118750, ਮਿਤੀ 22-05-2020 ਰਾਹੀਂ ਬਦਲੀ ਦੀ ਪਾਲਿਸੀ ਜਾਰੀ ਕੀਤੀ ਗਈ ਸੀ।

3.0 ਸਾਲ 2025 ਦੌਰਾਨ ਜੋ ਪ੍ਰਾਇਮਰੀ ਵਿੰਗ ਨਾਲ ਸਬੰਧਤ ਅਧਿਆਪਕ (ਈਟੀਟੀ, ਹੈੱਡ ਟੀਚਰ ਅਤੇ ਸੈਂਟਰ ਹੈੱਡ ਟੀਚਰ) ਅਤੇ ਸਿੱਖਿਆ ਪ੍ਰੋਵਾਈਡਰ, ਈ.ਜੀ.ਐਸ., ਏ.ਆਈ.ਈ, ਐਸ.ਟੀ.ਆਰ. ਵਲੰਟੀਅਰਜ, ਆਈ.ਈ. ਵਲੰਟੀਅਰਜ ਪਾਲਿਸੀ ਅਨੁਸਾਰ ਕਵਰ ਹੁੰਦੇ ਹਨ ਅਤੇ ਬਦਲੀ ਕਰਵਾਉਣਾ ਚਾਹੁੰਦੇ ਹਨ, ਉਹ ਆਪਣੇ ਵੇਰਵੇ ਜਿਵੇਂ ਕਿ General Details, Results, Service Record ਮਿਤੀ 06-06-2025 ਤੋਂ 13-06-2025 ਤੱਕ Epunjabschoolportal ਤੇ ਆਪਣੇ employee login id ਤੇ Login ਕਰਕੇ ਭਰ ਸਕਦੇ ਹਨ। ਵੇਰਵੇ ਕੇਵਲ Online ਹੀ ਭਰੇ ਜਾ ਸਕਦੇ ਹਨ।

4.0 ਦਰਖਾਸਤ ਕਰਤਾਵਾ ਵੱਲੋਂ ਆਪਣੀ ਪ੍ਰਤੀਬੇਨਤੀਆਂ ਸਬੰਧੀ ਵੱਖ-2 Modules ਭਰੇ ਜਾਣੇ ਹਨ, ਜੋ ਕਿ ਹੇਠ ਲਿਖੇ ਅਨੁਸਾਰ ਹਨ:-

(i) Update General Details

(ii) Update Results

(iii) Update Service Record

5.0 ਪ੍ਰਾਇਮਰੀ ਵਿੰਗ ਨਾਲ ਸਬੰਧਤ ਅਧਿਆਪਕ (ਈਟੀਟੀ, ਹੈੱਡ ਟੀਚਰ ਅਤੇ ਸੈਂਟਰ ਹੈੱਡ ਟੀਚਰ) ਅਤੇ ਸਿੱਖਿਆ ਪ੍ਰੋਵਾਈਡਰ, ਈ.ਜੀ.ਐਸ., ਏ.ਆਈ.ਈ, ਐਸ.ਟੀ.ਆਰ. ਵਲੰਟੀਅਰਜ, ਆਈ.ਈ. ਵਲੰਟੀਅਰਜ ਜਿਨ੍ਹਾਂ ਨੇ ਵੱਖ-2 ਜੋਨਾਂ ਵਿੱਚ ਸੇਵਾ ਕੀਤੀ ਹੈ, ਉਹ ਡਾਟਾ Approve ਕਰਨ ਤੋਂ ਪਹਿਲਾਂ ਇਸ ਗੱਲ ਦਾ ਵਿਸ਼ੇਸ ਧਿਆਨ ਰੱਖਣ ਕਿ ਉਨ੍ਹਾਂ ਵੱਲੋਂ ਵੱਖ-2 ਜੋਨਾਂ ਵਿੱਚ ਕੀਤੀ ਸੇਵਾ ਅਤੇ ਸਿੱਖਿਆ ਵਿਭਾਗ ਵਿੱਚ ਕੀਤੀ ਗਈ ਕੁੱਲ ਸੇਵਾ ਦੇ ਸਮੇਂ ਵਿੱਚ ਅੰਤਰ ਨਹੀਂ ਹੋਣਾ ਚਾਹੀਦਾ। ਜੇਕਰ ਕਿਸੇ ਕਾਰਨ ਅੰਤਰ ਹੈ ਤਾਂ ਉਹ ਇਸ ਸਬੰਧੀ Remarks ਦੇਣਗੇ। Remarks ਵਿੱਚ ਠੋਸ ਕਾਰਨ ਨਾ ਹੋਣ ਦੀ ਸੂਰਤ ਵਿੱਚ ਸਬੰਧਤ ਨੂੰ ਬਦਲੀ ਲਈ ਨਹੀਂ ਵਿਚਾਰਿਆ ਜਾਵੇਗਾ।

6.0 ਬਦਲੀ ਸਬੰਧੀ ਦਰਖਾਸਤਾਂ ਵਿੱਚ ਭਰੇ ਗਏ ਡਾਟੇ ਨੂੰ Approve Data ਦਾ ਬਟਨ ਕਲਿੱਕ ਕਰਨ ਤੋਂ ਬਾਅਦ ਵੀ ਅੰਤਿਮ ਮਿਤੀ 13.06.2025 ਤੱਕ Data Editing ਜਿੰਨੀ ਵਾਰ ਮਰਜੀ ਕੀਤੀ ਜਾ ਸਕੇਗੀ। ਪ੍ਰੰਤੂ ਅੰਤਿਮ ਮਿਤੀ ਉਪਰੰਤ ਡਾਟੇ ਵਿੱਚ ਕੋਈ ਤਬਦੀਲੀ ਨਹੀਂ ਹੋ ਸਕੇਗੀ।

7.0 ਅਧੂਰੇ ਜਾਂ ਗਲਤ ਵੇਰਵੇ ਪਾਏ ਜਾਣ ਤੇ ਸਬੰਧਤ ਦੀ ਬਦਲੀ ਦੀ ਬੇਨਤੀ ਤੇ ਵਿਚਾਰ ਨਹੀਂ ਕੀਤਾ ਜਾਵੇਗਾ।

8.0 Special Category/Exempted Category ਅਧੀਨ ਅਪਲਾਈ ਕਰਨ ਵਾਲੇ ਕਰਮਚਾਰੀ ਆਪਣੀ Category ਸਬੰਧੀ ਦਸਤਾਵੇਜ ਨਾਲ ਨੱਥੀ ਕਰਨਗੇ। ਦਸਤਾਵੇਜ ਨੱਥੀ ਨਾ ਕਰਨ ਦੀ ਸੂਰਤ ਵਿੱਚ ਉਨ੍ਹਾਂ ਦੀ ਬੇਨਤੀ ਨੂੰ Special Category ਅਧੀਨ ਨਹੀਂ ਵਿਚਾਰਿਆ ਜਾਵੇਗਾ।

9.0 Special Category/Exempted Category ਅਧੀਨ ਬਦਲੀ ਕਰਵਾਉਣ ਲਈ ਕੇਵਲ ਆਨਲਾਈਨ ਪ੍ਰਤੀਬੇਨਤੀ ਹੀ ਵਿਚਾਰੀ ਜਾਵੇਗੀ। ਜਿਹੜੇ ਅਧਿਆਪਕਾਂ ਵੱਲੋਂ ਆਫਲਾਈਨ ਮੋਡ ਰਾਹੀਂ Exempted Category ਅਧੀਨ ਬਦਲੀ ਲਈ ਦਰਖਾਸਤਾਂ ਦਿੱਤੀਆਂ ਗਈਆਂ ਸਨ, ਉਨਾਂ ਨੂੰ ਵੀ ਹਦਾਇਤ ਕੀਤੀ ਜਾਂਦੀ ਹੈ ਕਿ ਉਹ Exempted Category ਅਧੀਨ ਕੇਵਲ ਪੋਰਟਲ ਰਾਹੀਂ ਹੀ ਆਨਲਾਈਨ ਬਦਲੀ ਲਈ ਅਪਲਾਈ ਕਰਨਗੇ। Exempted Category ਲਈ ਆਫਲਾਈਨ ਮੋਡ ਰਾਹੀਂ ਪ੍ਰਾਪਤ ਕਿਸੇ ਵੀ ਪ੍ਰਤੀਬੇਨਤੀ ਤੇ ਵਿਚਾਰ ਨਹੀਂ ਕੀਤਾ ਜਾਵੇਗਾ।

10.0 Mutual Transfer ਲਈ ਅਧਿਆਪਕ ਆਨਲਾਈਨ ਵਿਧੀ ਰਾਹੀਂ EPunjab Portal ਤੇ ਹੀ ਅਪਲਾਈ ਕਰਨਗੇ। ਜੋ ਅਧਿਆਪਕ Mutual Transfers ਲਈ ਅਪਲਾਈ ਕਰਨਾ ਚਾਹੁੰਦੇ ਹਨ, ਉਹ ਵੀ General Transfers ਦੇ ਨਾਲ ਹੀ ਅਪਲਾਈ ਕਰਨਗੇ। Mutual Transfer ਲਈ ਆਫਲਾਈਨ ਮੋਡ ਰਾਹੀਂ ਪ੍ਰਾਪਤ ਕਿਸੇ ਵੀ ਪ੍ਰਤੀਬੇਨਤੀ ਤੇ ਵਿਚਾਰ ਨਹੀਂ ਕੀਤਾ ਜਾਵੇਗਾ।

11.0 ਜਿਨ੍ਹਾਂ ਦਰਖਾਸਤ ਕਰਤਾਵਾਂ ਦੇ ਵੇਰਵੇ ਸਹੀ ਪਾਏ ਜਾਣਗੇ, ਉਨ੍ਹਾਂ ਤੋਂ ਹੀ ਬਦਲੀ ਲਈ Station Choice ਲਈ ਜਾਵੇਗੀ। ਵੱਖ-2 ਗੇੜ ਦੀਆਂ ਬਦਲੀਆਂ ਲਈ ਵਾਰ-2 ਡਾਟਾ ਨਹੀਂ ਭਰਵਾਇਆ ਜਾਵੇਗਾ, ਬਦਲੀ ਲਈ ਡਾਟਾ ਕੇਵਲ ਮਿਤੀ 06.06.2025 ਤੋਂ 13.06.2025 ਤੱਕ ਹੀ ਭਰਿਆ ਜਾ ਸਕੇਗਾ, ਇਸ ਉਪਰੰਤ ਕੋਈ ਦਰਖਾਸਤ ਨਹੀਂ ਲਈ ਜਾਵੇਗੀ। ਇਸ ਡਾਟਾ ਅਤੇ Station Choice ਦੇ ਆਧਾਰ ਤੇ ਹੀ ਵੱਖ-2 ਗੇੜ ਦੀਆਂ ਬਦਲੀਆਂ ਪਾਲਿਸੀ ਅਨੁਸਾਰ ਕੀਤੀਆਂ ਜਾਣਗੀਆਂ।

12.0 Station Choice ਲੈਣ ਲਈ ਵੱਖਰੇ ਤੌਰ ਤੇ ਜਨਤਕ ਸੂਚਨਾ ਜਾਰੀ ਕੀਤੀ ਜਾਵੇਗੀ।

13.0 ਬਦਲੀਆਂ ਲਈ ਸਾਲ 2023-24 ਦੀ ACR ਵਿਚਾਰੀ ਜਾਵੇਗੀ। ਜੇਕਰ ਕਿਸੇ ਕਾਰਨ ਕਰਕੇ ਸਾਲ 2023-24 ਦੀ ਏ.ਸੀ.ਆਰ ਨਹੀਂ ਲਿਖੀ ਗਈ ਤਾਂ ਪਿਛਲੇ ਸਾਲ ਦੀ ਏ.ਸੀ.ਆਰ ਦੇ ਨੰਬਰ ਭਰੇ ਜਾਣ।

14.0 ਜੇਕਰ ਬਦਲੀ ਲਈ ਆਨਲਾਈਨ ਬੇਨਤੀ ਕਰਨ ਵਿੱਚ ਦਿੱਕਤ ਪੇਸ਼ ਆਉਂਦੀ ਹੈ ਤਾਂ ਉਹ ਜਿਲ੍ਹਾ ਐਮ.ਆਈ.ਐਸ ਕੋਆਰਡੀਨੇਟਰ ਦੀ ਮਦਦ ਲੈ ਸਕਦਾ ਹੈ, ਜਿਨ੍ਹਾਂ ਦੀ ਫੋਨ ਨੰਬਰਾਂ ਦੀ ਸੂਚੀ epunjabschoolportal ਤੇ ਉਪਲਬਧ ਹੈ।

6.6.25

ਸਹਾਇਕ ਡਾਇਰੈਕਟਰ (ਅਮਲਾ-1)